"ਇਹ ਨਵਾਂ ਮੁਕੱਦਮਾ ਕਲੇਮ ਦੇ ਹੋਰ ਡੂੰਘੇ ਵਿਸਤਾਰ ਤੱਕ ਪਹੁੰਚੇਗਾ ਜੋ ਕਿ ਕਿੰਗਸਗੇਟ ਇਨਰਜੀ ਇੰਕ. ਦੀ ਸਬਸਿਡਰੀ ਦੇ ਰਾਹੀਂ ਕਿੰਗਸਗੇਟ ਰਿਸੋਰਸਜ਼ ਇੰਕ. ਦੇ ਹੱਕਾਂ ਨਾਲ ਜੁੜੇ ਤੇਲ ਨੂੰ ਲੱਭਣ ਦੇ ਮੌਕਿਆਂ ਨੂੰ ਖੁੰਝ ਦੇਣ ਬਾਰੇ ਹੋਵੇਗਾ।ਹੁਣ ਦੀਆਂ ਕੱਚੀਆਂ ਕੀਮਤਾਂ ਦੇ ਅਨੁਸਾਰ ਜਦੋਂ ਇੱਕ ਬੈਰਲ ਦੀ ਕੀਮਤ $70.00 ਅਮਰੀਕੀ ਡਾਲਰ ਹੈ, ਇਸ ਕਲੇਮ ਦੀ ਵੀ ਕੁੱਲ ਰਾਸ਼ੀ ਬਹੁਤ ਸਾਰੇ ਅਰਬਾਂ ਸੌ ਡਾਲਰਾਂ ਤੱਕ ਹੋਵੇਗੀ"।

15 ਮਈ, 2006 ਨੂੰ, ਕੈਲਗਿਰੀ ਦੇ ਕਨੂੰਨੀ ਜਿਲ੍ਹੇ ਵਿੱਚ ਕਿੰਗਸਗੇਟ ਰਿਸੋਰਸਜ਼ ਇੰਕ. ਦੇ ਇੱਕ ਹੋਰ ਗੁੱਸੇ ਦ ਭਰੇ ਹਿੱਸੇਦਾਰ ਨੇ ਇੱਕ ਵੱਖਰਾ ਮੁਕੱਦਮਾ ਕੀਤਾ। ਮਸ. ਗੀਉਈ ਲੀ ਨੇ, ਜੋ ਕਿ ਇੱਕ ਰਿਟਾਰਿਡ ਵਿਧਵਾ ਔਰਤ ਹੈ ਅਤੇ ਕੈਲਗਿਰੀ ਦੀ ਨਿਵਾਸੀ ਹੈ, ਆਪਣੇ ਬਿਆਨ ਵਿੱਚ ਇਹ ਇਲਜ਼ਾਮ ਲਾਇਆ ਕਿ ਉਹ ਜੋਸਫ ਕੇ. ਆਨਨ ਨੂੰ 1998 ਵਿੱਚ ਮਿਲੀ ਅਤੇ ਉਸ ਨੂੰ ਕਿੰਗਸਗੇਟ ਰਿਸੋਰਸਜ਼ ਇੰਕ. ਵੱਲੋਂ 40,000 ਦੇ ਸ਼ੇਅਰ ਮਿਲੇ।

ਆਪਣੀ ਕਾਰਵਾਈ ਵਿੱਚ ਮਸ. ਲੀ ਦੇ ਇਲਜ਼ਾਮ ਜਿਆਦਾ ਸਿੱਧੇ ਰੂਪ ਵਿੱਚ ਪੇਸ਼ ਹਨ ਉਹਨਾਂ ਨਾਲੋਂ ਜੋ ਕਿ ਪੈਰਿਗਰਿਨ ਟਰਸਟ ਨੇ ਆਪਣੇ ਬਿਆਨਾਂ ਵਿੱਚ ਦੋ ਵਕੀਲਾਂ ਵੱਲੋਂ ਮੱਤਭੇਦ, ਸਹੀ ਢੰਗ ਨਾਲ ਕੰਮ ਨਾ ਕਰਨ ਅਤੇ ਅਣਗਹਿਲੀ ਦਾ ਖੁਲਾਸਾ ਕੀਤਾ ਹੈ। ਇਹ ਵਿਸਤਾਰ ਪੈਰਿਗਰੀਨ ਟਰਸਟ ਵੱਲੋਂ ਸ਼ੁਰੂ ਕੀਤੀਆਂ ਗੱਈਆਂ ਕਨੂੰਨੀ ਕਾਰਵਾਈਆਂ ਦੇ ਮਤਹਿਤ ਇਹਨਾਂ ਬਚਾਉਕਾਰੀਆਂ ਵੱਲੋਂ ਪੁੱਛ-ਗਿੱਛ ਵੇਲੇ ਚੁੱਕੀ ਸਹੁੰ ਦੇ ਦੌਰਾਨ ਤਿਆਰ ਹੋਈਆ ਲੰਬੀਆਂ ਲਿਸਟਾਂ ਦੇ ਕਾਰਨ ਹਾਸਲ ਹੈ। ਮਸ. ਲੀ ਇਲਜ਼ਾਮ ਵਿੱਚ ਪੇਸ਼ ਕੀਤੇ ਬਿਆਨਾਂ ਦੇ ਮਤਹਿਤ ਨਾਈਟ, ਫਿਲਿਪਸ, ਬਾਲਰਨ ਮੈਕਲਿਨਸ ਐਲ.ਐਲ.ਪੀ. ਅਤੇ ਗੋਲਿੰਗ ਲੈਫਲਯੁਰ ਹੈਂਡਰਸਨ ਐਲ.ਐਲ.ਪੀ. ਨੂੰ ਸਜ਼ਾ ਅਤੇ ਆਪਣੇ ਹੋਏ ਨੁਕਸਾਨ ਦਾ ਮੁਆਵਜ਼ਾ ਮੰਗਦੀ ਹੈ। ਇਹ ਮੁਕੱਦਮਾ ਕਈ ਹੋਰ ਬਚਾਉਕਾਰੀਆਂ ਦਾ ਨਾਂ ਲੈਂਦਾ ਹੈ।